# ਚੇਤਾਵਨੀ: ਵੋਟ ਦੇਣ ਦੀ ਕਾਰਵਾਈ ਨੂੰ ਕਿਸੇ ਵੀ ਤਰ੍ਹਾਂ ਵਿਗਾੜਨ ਦੀ ਮਨਾਹੀ ਹੈ!

**ਉਲੰਘਣਾਵਾਂ ਕਰਨ ਤੇ ਜੁਰਮਾਨਾ ਲਗਾਇਆ ਅਤੇ/ਜਾਂ ਕੈਦ ਕੀਤਾ ਜਾ ਸਕਦਾ ਹੈ।**

## ਕਿਹੜੀਆਂ ਗਤੀਵਿਧੀਆਂ ਕਰਨ ਦੀ ਮਨਾਹੀ ਹੈ:

- ਚੋਣ ਸੰਬੰਧੀ ਧੋਖਾਧੜੀ ਕਰਨ ਜਾਂ ਕਰਨ ਦੀ ਕੋਸ਼ਿਸ਼ *ਨਾ ਕਰੋ।*
- ਕਿਸੇ ਵਿਅਕਤੀ ਨੂੰ ਵੋਟ ਪਾਉਣ ਜਾਂ ਵੋਟ ਪਾਉਣ ਤੋਂ ਪਰਹੇਜ਼ ਕਰਨ ਲਈ, ਕਿਸੇ ਵੀ ਤਰੀਕੇ ਨਾਲ ਜਾਂ ਕਿਸੇ ਵੀ ਸਾਧਨ ਨਾਲ ਉਕਸਾਉਣ ਜਾਂ ਉਕਸਾਉਣ ਦੀ ਕੋਸ਼ਿਸ਼ ਕਰਨ ਲਈ ਕਿਸੇ ਵੀ ਕਿਸਮ ਦਾ ਮੁਆਵਜ਼ਾ ਜਾਂ ਰਿਸ਼ਵਤ ਦੇਣ ਦੀ ਕੋਸ਼ਿਸ਼ *ਨਾ ਕਰੋ।*
- ਗੈਰਕਾਨੂੰਨੀ ਤਰੀਕੇ ਨਾਲ ਵੋਟ *ਨਾ ਪਾਓ।*
- ਵੋਟ ਪਾਉਣ ਦੀ ਕੋਸ਼ਿਸ਼ ਨਾ ਕਰੋ ਜਾਂ ਵੋਟ ਪਾਉਣ ਦੇ ਹੱਕਦਾਰ ਨਾ ਹੋਣ 'ਤੇ ਵੋਟ ਪਾਉਣ ਲਈ ਕਿਸੇ ਹੋਰ ਦੀ ਮਦਦ *ਨਾ ਕਰੋ।*
- ਚੋਣ ਪ੍ਰਚਾਰ ਵਿੱਚ ਸ਼ਾਮਲ ਹੋਣ; ਪੋਲਿੰਗ ਸਥਾਨ ਵਿੱਚ ਦਾਖਲ ਹੋਣ ਜਾਂ ਬਾਹਰ ਜਾਣ ਵਾਲੇ ਵੋਟਰ ਦੀ ਫੋਟੋ ਖਿੱਚਣ ਜਾਂ ਰਿਕਾਰਡ ਕਰਨ; ਜਾਂ ਪ੍ਰਵੇਸ਼, ਬਾਹਰ ਜਾਣ, ਜਾਂ ਪਾਰਕਿੰਗ ਵਿੱਚ ਰੁਕਾਵਟ ਪਾਉਣ ਦੀ ਕੋਸ਼ਿਸ਼ *ਨਾ ਕਰੋ।*
- ਕਿਸੇ ਵਿਅਕਤੀ ਦੇ ਵੋਟ ਦੇ ਅਧਿਕਾਰ ਨੂੰ ਚੁਣੌਤੀ ਨਾ ਦਿਓ ਜਾਂ ਵੋਟਰਾਂ ਨੂੰ ਵੋਟ ਪਾਉਣ ਤੋਂ ਨਾ ਰੋਕੋ; ਵੋਟਿੰਗ ਦੀ ਪ੍ਰਕਿਰਿਆ ਵਿੱਚ ਦੇਰੀ ਨਾ ਕਰੋ; ਜਾਂ ਧੋਖੇ ਨਾਲ ਕਿਸੇ ਵੀ ਵਿਅਕਤੀ ਨੂੰ ਸਲਾਹ ਨਾ ਦਿਓ ਕਿ ਉਹ ਵੋਟ ਪਾਉਣ ਦੇ ਯੋਗ ਨਹੀਂ ਹੈ ਜਾਂ ਵੋਟ ਪਾਉਣ ਲਈ ਰਜਿਸਟਰਡ ਨਹੀਂ ਹੈ।
- ਇਹ ਪਤਾ ਲਗਾਉਣ ਦੀ ਕੋਸ਼ਿਸ਼ ਨਾ ਕਰੋ ਕਿ ਕਿਸੇ ਮਤਦਾਤਾ ਨੇ ਆਪਣੇ ਮਤਪੱਤਰ 'ਤੇ ਵੋਟ ਕਿਵੇਂ ਪਾਇਆ ਹੈ।
- ਕੁਝ ਅਪਵਾਦਾਂ ਦੇ ਨਾਲ, ਕਿਸੇ ਮਤਦਾਨ ਦੀ ਥਾਂ ਦੇ ਨੇੜੇ-ਤੇੜੇ ਆਪਣੇ ਕਬਜ਼ੇ ਵਿੱਚ ਹਥਿਆਰ ਨਾ ਰੱਖੋ ਜਾਂ ਕਿਸੇ ਵਿਅਕਤੀ ਕੋਲ ਹਥਿਆਰ ਰੱਖਣ ਦੀ ਵਿਵਸਥਾ *ਨਾ ਕਰੋ।*
- ਕੁਝ ਅਪਵਾਦਾਂ ਦੇ ਨਾਲ, ਕਿਸੇ ਮਤਦਾਨ ਦੀ ਥਾਂ ਦੇ ਨੇੜੇ-ਤੇੜੇ ਸ਼ਾਂਤੀ ਅਧਿਕਾਰੀ, ਗਾਰਡ, ਜਾਂ ਸੁਰੱਖਿਆ ਕਰਮਚਾਰੀਆਂ ਦੀ ਵਰਦੀ ਵਿੱਚ ਪੇਸ਼ ਹੋਣ ਲਈ ਕਿਸੇ ਨੂੰ ਵਿਵਸਥਾ ਜਾਂ ਪ੍ਰਬੰਧ *ਨਾ ਕਰੋ।*
- ਵੋਟਿੰਗ ਪ੍ਰਣਾਲੀ ਦੇ ਕਿਸੇ ਵੀ ਹਿੱਸੇ ਨਾਲ ਛੇੜਛਾੜ ਜਾਂ ਦਖ਼ਲਅੰਦਾਜ਼ੀ *ਨਾ ਕਰੋ।*
- ਕਿਸੇ ਚੋਣ ਦੇ ਨਤੀਜਿਆਂ ਦੀ ਨਕਲ, ਜਾਅਲੀ ਨਾ ਬਣਾਓ ਜਾਂ ਉਨ੍ਹਾਂ ਨਾਲ ਛੇੜਛਾੜ *ਨਾ ਕਰੋ।*
- ਕਿਸੇ ਚੋਣ ਦੇ ਨਤੀਜਿਆਂ ਨਾਲ ਕਿਸੇ ਤਰੀਕੇ ਦੀ ਫੇਰ-ਬਦਲ *ਨਾ ਕਰੋ।*
- ਕਿਸੇ ਵੀ ਪੋਲਿੰਗ ਸੂਚੀ, ਅਧਿਕਾਰਤ ਬੈਲਟ, ਜਾਂ ਬੈਲਟ ਦੇ ਕੰਟੇਨਰ ਨਾਲ ਛੇੜਛਾੜ, ਨਸ਼ਟ ਨਾ ਕਰੋ ਜਾਂ ਬਦਲੋ ਨਹੀਂ
- ਕੋਈ ਵੀ ਗੈਰ-ਅਧਿਕਾਰਤ ਬੈਲਟ ਇਕੱਠਾ ਕਰਨ ਵਾਲਾ ਕੰਟੇਨਰ ਪ੍ਰਦਰਸ਼ਿਤ ਨਾ ਕਰੋ ਜੋ ਵੋਟਰ ਨੂੰ ਇਹ ਵਿਸ਼ਵਾਸ ਕਰਵਾਉਣ ਲਈ ਧੋਖਾ ਦੇ ਸਕਦਾ ਹੈ ਕਿ ਇਹ ਇੱਕ ਅਧਿਕਾਰਤ ਸੰਗ੍ਰਹਿ ਬੌਕਸ ਹੈ।
- ਪਾਈਆਂ ਗਈਆਂ ਵੋਟਾਂ ਦੇ ਨਤੀਜਿਆਂ ਦੀ ਕਾਪੀ ਨਾਲ ਛੇੜਛਾੜ ਜਾਂ ਦਖ਼ਲਅੰਦਾਜ਼ੀ *ਨਾ ਕਰੋ।*
- ਕਿਸੇ ਅਜਿਹੇ ਵਿਅਕਤੀ ਨੂੰ ਜੋ ਪੜ੍ਹ ਨਹੀਂ ਸਕਦਾ/ਦੀ ਜਾਂ ਕਿਸੇ ਬੁਜ਼ੁਰਗ ਨੂੰ ਉਨ੍ਹਾਂ ਦੇ ਇਰਾਦੇ ਦੇ ਉਲਟ ਕਿਸੇ ਉਮੀਦਵਾਰ ਦੇ ਹੱਕ ਵਿੱਚ ਜਾਂ ਉਸ ਦੇ ਵਿਰੁੱਧ ਵੋਟ ਪਾਉਣ ਲਈ ਡਰਾਓ ਜਾਂ ਧੋਖਾ *ਨਾ ਦਿਓ।*
- ਜਦੋਂ ਕਿ ਤੁਸੀਂ ਚੋਣ ਅਧਿਕਾਰੀ ਨਹੀਂ ਹੋ ਤਾਂ ਚੋਣ ਅਧਿਕਾਰੀ ਵਜੋਂ ਕਾਰਵਾਈ ਨਾ ਕਰੋ।

*ਰੁਜ਼ਗਾਰਦਾਤਾ*ਆਪਣੇ ਕਰਮਚਾਰੀ ਨੂੰ ਕੰਮ 'ਤੇ ਆਪਣਾ ਡਾਕ ਰਾਹੀਂ ਵੋਟ ਵਾਲਾ ਬੈਲਟ ਲਿਆਉਣ ਲਈ ਨਹੀਂ ਕਹਿ ਸਕਦੇ ਜਾਂ ਆਪਣੇ ਕਰਮਚਾਰੀ ਨੂੰ ਕੰਮ 'ਤੇ ਆਪਣੀ ਵੋਟ ਪਾਉਣ ਲਈ ਨਹੀਂ ਕਹਿ ਸਕਦੇ। ਤਨਖ਼ਾਹ ਜਾਂ ਉਜਰਤਾਂ ਦੇ ਭੁਗਤਾਨ ਵੇਲੇ, ਮਾਲਕ ਅਜਿਹੀ ਸਮੱਗਰੀ ਨੂੰ ਨੱਥੀ ਨਹੀਂ ਕਰ ਸਕਦੇ ਜੋ ਉਨ੍ਹਾਂ ਦੇ ਕਰਮਚਾਰੀ ਦੇ ਰਾਜਨੀਤਿਕ ਵਿਚਾਰਾਂ ਜਾਂ ਕਾਰਵਾਈਆਂ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕਰਦੀ ਹੈ।

*ਖੇਤਰ ਦੇ ਬੋਰਡ ਮੈਂਬਰ* ਇਹ ਨਿਰਧਾਰਿਤ ਕਰਨ ਦੀ ਕੋਸ਼ਿਸ਼ ਨਹੀਂ ਕਰ ਸਕਦੇ ਕਿ ਕਿਸੇ ਵੋਟਰ ਨੇ ਆਪਣੀ ਬੈਲਟ 'ਤੇ ਕਿਵੇਂ ਵੋਟ ਪਾਈ ਹੈ ਜਾਂ, ਜੇਕਰ ਉਹ ਜਾਣਕਾਰੀ ਬਾਰੇ ਪਤਾ ਲਗ ਜਾਂਦਾ ਹੈ, ਤਾਂ ਇਹ ਖੁਲਾਸਾ ਨਹੀਂ ਕਰ ਸਕਦੇ ਕਿ ਕਿਸੇ ਵੋਟਰ ਨੇ ਆਪਣੀ ਬੈਲਟ 'ਤੇ ਕਿਵੇਂ ਵੋਟ ਪਾਈ ਹੈ।

ਉੱਪਰ ਦੱਸੀ ਗਈ ਵੋਟਿੰਗ ਕਾਰਵਾਈ ਦੇ ਭ੍ਰਿਸ਼ਟਾਚਾਰ ਨਾਲ ਸੰਬੰਧਿਤ ਗਤੀਵਿਧੀਆਂ 'ਤੇ ਪਾਬੰਦੀਆਂ ਕੈਲੀਫੋਰਨੀਆ ਚੋਣ ਜ਼ਾਬਤੇ ਦੇ ਡਿਵੀਜ਼ਨ 18 ਦੇ ਅਧਿਆਇ 6 ਵਿੱਚ ਨਿਰਧਾਰਤ ਕੀਤੀਆਂ ਗਈਆਂ ਹਨ।